ਸਕਰੀਨ ਪੌਜ਼ਟਿਵ ਨਤੀਜਾ

ਇਸ ਦਾ ਕੀ ਮਤਲਬ ਹੈ ਅਤੇ ਹੁਣ ਮੈਂ ਕੀ ਕਰਾਂ?

BC Prenatal Genetic Screening Program

Perinatal Services BC
Provincial Health Services Authority

ਤੁਹਾਨੂੰ ਪਤਾ ਲੱਗਾ ਹੈ ਕਿ ਤੁਹਾਡੀ ਪ੍ਰੀਨੇਟਲ ਜਨੈਟਿਕ ਸਕਰੀਨਿੰਗ ਦਾ ਨਤੀਜਾ "ਸਕਰੀਨ ਪੌਜ਼ਟਿਵ" ਹੈ। ਇਹ ਟੈੱਸਟ ਤੁਹਾਡੇ ਬੇਬੀ ਨੂੰ ਡਾਊਨ ਸਿੰਡਰੋਮ, ਟ੍ਰਾਈਸੋਮੀ 18 ਜਾਂ ਓਪਨ ਨਿਊਰਲ ਟਿਊਬ ਡਿਫੈਕਟ (ਨੁਕਸ) ਹੋਣ ਦੀ ਸੰਭਾਵਨਾ ਦਾ ਪਤਾ ਲਾਉਣ ਲਈ ਕੀਤਾ ਗਿਆ ਸੀ।

"ਸਕਰੀਨ ਪੌਜ਼ਟਿਵ" ਨਤੀਜੇ ਦਾ ਕੀ ਮਤਲਬ ਹੈ?

ਇਸ ਨਤੀਜੇ ਦਾ ਮਤਲਬ ਇਹ ਨਹੀਂ ਹੈ ਕਿ ਤੁਹਾਡੇ ਬੇਬੀ ਨੂੰ ਡਾਊਨ ਸਿੰਡਰੋਮ, ਟ੍ਰਾਈਸੋਮੀ 18 ਜਾਂ ਓਪਨ ਨਿਊਰਲ ਟਿਊਬ ਡਿਫੈਕਟ (ਨੁਕਸ) ਹੈ। ਅਸਲ ਵਿਚ, ਇਸ ਨਤੀਜੇ ਵਾਲੀਆਂ ਬਹੁਤੀਆਂ ਔਰਤਾਂ/ਵਿਅਕਤੀਆਂ ਦੇ ਇਨ੍ਹਾਂ ਵਿੱਚੋਂ ਕਿਸੇ ਹਾਲਤ ਵਾਲਾ ਬੇਬੀ ਨਹੀਂ ਪੈਦਾ ਹੁੰਦਾ। ਨਤੀਜੇ ਦਾ ਮਤਲਬ ਹੈ ਕਿ ਤੁਹਾਡੇ ਬੇਬੀ ਨੂੰ ਡਾਊਨ ਸਿੰਡਰੋਮ, ਟ੍ਰਾਈਸੋਮੀ 18 ਜਾਂ ਓਪਨ ਨਿਊਰਲ ਟਿਊਬ ਡਿਫੈਕਟ ਹੋਣ ਦੀ ਸੰਭਾਵਨਾ ਇੰਨੀ ਕੁ ਜ਼ਿਆਦਾ ਹੈ ਕਿ ਇਹ ਪਤਾ ਲਾਉਣ ਲਈ ਤੁਹਾਨੂੰ ਅਗਾਂਹ ਹੋਰ ਟੈੱਸਟ ਕਰਵਾਉਣ ਦੀ ਪੇਸ਼ਕਸ਼ ਕੀਤੀ ਜਾਂਦੀ ਹੈ ਕਿ ਕੀ ਤੁਹਾਡੇ ਬੇਬੀ ਨੂੰ ਇਨ੍ਹਾਂ ਵਿੱਚੋਂ ਕੋਈ ਹਾਲਤ ਹੈ।

ਤੁਹਾਡੇ ਟੈੱਸਟ ਦੇ ਨਤੀਜੇ ਦੇ ਹਿੱਸੇ ਵਜੋਂ, ਤੁਹਾਨੂੰ ਇਕ ਨੰਬਰ ਦਿੱਤਾ ਗਿਆ ਹੈ ਜਿਹੜਾ ਤੁਹਾਡੇ ਬੇਬੀ ਨੂੰ ਟੈੱਸਟ ਕੀਤੀਆਂ ਗਈਆਂ ਹਾਲਤਾਂ ਵਿੱਚੋਂ ਇਕ ਹੋਣ ਦੀ ਸੰਭਾਵਨਾ ਦਾ ਅੰਦਾਜ਼ਾ ਦੱਸਦਾ ਹੈ।

ਸਕਰੀਨ ਪੌਜ਼ਟਿਵ ਨਤੀਜੇ ਦੀ ਇਕ ਉਦਾਹਰਣ ਇਹ ਹੈ:

ਡਾਊਨ ਸਿੰਡਰੋਮ ਹੋਣ ਦਾ ਮੌਕਾ 1:100 ਹੈ। ਇਹ ਇਸ ਤਰ੍ਹਾਂ ਕਹਿਣ ਵਾਂਗ ਹੀ ਹੈ:

- ਤੁਹਾਡੇ ਬੇਬੀ ਨੂੰ ਡਾਊਨ ਸਿੰਡਰੋਮ ਹੋਣ ਦੀ 1% ਸੰਭਾਵਨਾ ਹੈ **ਜਾਂ**
- ਇਹ 99% ਸੰਭਾਵਨਾ ਹੈ ਕਿ ਤੁਹਾਡੇ ਬੇਬੀ ਨੂੰ ਡਾਊਨ ਸਿੰਡਰੋਮ ਨਹੀਂ ਹੋਵੇਗਾ **ਜਾਂ**
- ਜੇ 100 ਔਰਤਾਂ/ਵਿਅਕਤੀਆਂ ਦੇ ਇਹੋ ਹੀ ਨਤੀਜੇ ਹੋਣ ਤਾਂ ਉਨ੍ਹਾਂ ਵਿੱਚੋਂ ਇਕ ਦਾ ਬੇਬੀ ਡਾਊਨ ਸਿੰਡਰੋਮ ਵਾਲਾ ਹੋਵੇਗਾ ਅਤੇ ਹੋਰ 99 ਦਾ ਨਹੀਂ।

ਤੁਹਾਡੇ ਟੈੱਸਟ ਦੇ ਨਤੀਜੇ ਮੁਤਾਬਕ, ਤੁਸੀਂ ਅੱਗੇ ਦੱਸੇ ਲਈ ਪੌਜ਼ਟਿਵ ਹੋ:
(According to your screen result, you screened positive for:)
_____

ਤੁਹਾਡੇ ਬੇਬੀ ਨੂੰ ਇਹ ਹਾਲਤ ਹੋਣ ਦੀ ਸੰਭਾਵਨਾ ਹੈ:
(The chance your baby has this condition is:)
_____ ਵਿਚ 1, ਜੋ ਹੈ _____%
(1 in _____ which is _____%)

ਹੁਣ ਕੀ ਹੁੰਦਾ ਹੈ?

ਤੁਹਾਡੇ ਡਾਕਟਰ ਨੂੰ ਇਹ ਪੱਕਾ ਕਰਨ ਦੀ ਲੋੜ ਹੋ ਸਕਦੀ ਹੈ ਕਿ ਤੁਸੀਂ ਆਪਣੇ ਗਰਭ ਵਿਚ ਕਿੱਥੇ ਤੱਕ ਗਏ ਹੋ। ਇਹ ਪੱਕਾ ਕਰਨਾ ਮਹੱਤਵਪੂਰਨ ਹੈ ਕਿ ਪ੍ਰੀਨੇਟਲ ਸਕਰੀਨ ਨਤੀਜੇ ਲਈ ਵਰਤੀ ਗਈ ਗਰਭ ਦੀ ਤਾਰੀਕ ਸਹੀ ਹੈ।

ਜੇ ਓਪਨ ਨਿਊਰਲ ਟਿਊਬ ਡਿਫੈਕਟ ਲਈ ਤੁਹਾਡੇ ਟੈੱਸਟ ਦਾ ਨਤੀਜਾ ਪੌਜ਼ਟਿਵ ਹੋਵੇ ਤਾਂ ਤੁਹਾਡਾ ਹੈਲਥ ਕੇਅਰ ਪ੍ਰੋਵਾਈਡਰ ਪਹਿਲਾਂ ਇਕ ਵਿਸਥਾਰ ਵਾਲੇ ਅਲਟਰਾਸਾਊਂਡ ਦਾ ਪ੍ਰਬੰਧ ਕਰੇਗਾ ਅਤੇ ਫਿਰ ਅਲਟਰਾਸਾਊਂਡ ਸਕੈਨ ਵਿਚ ਕੋਈ ਅਸਾਧਾਰਨਤਾ ਮਿਲਦੀ ਹੈ ਜਾਂ ਨਹੀਂ 'ਤੇ ਨਿਰਭਰ ਕਰਦੇ ਹੋਏ ਜ਼ਰੂਰੀ ਪੈਰਵੀ ਕਰੇਗਾ।

ਜੇ ਡਾਊਨ ਸਿੰਡਰੋਮ ਜਾਂ ਟ੍ਰਾਈਸੋਮੀ 18 ਲਈ ਤੁਹਾਡੇ ਟੈੱਸਟ ਦਾ ਨਤੀਜਾ ਪੌਜ਼ਟਿਵ ਹੋਵੇ ਤਾਂ ਤੁਹਾਨੂੰ ਐੱਨ ਆਈ ਪੀ ਟੀ ਨਾਂ ਦਾ (ਪ੍ਰੀਨੇਟਲ ਸੈਲ-ਫ੍ਰੀ ਡੀ ਐੱਨ ਏ ਸਕਰੀਨਿੰਗ ਲਈ) ਖੂਨ ਦਾ ਇਕ ਹੋਰ ਟੈੱਸਟ ਕਰਵਾਉਣ ਦੀ ਪੇਸ਼ਕਸ਼ ਕੀਤੀ ਜਾਵੇਗੀ। ਤੁਹਾਡੇ ਪੌਜ਼ਟਿਵ ਨਤੀਜੇ ਵਿਚ ਦਰਸਾਈ ਗਈ ਸੰਭਾਵਨਾ ਦੇ ਪੱਧਰ ਦੇ ਆਧਾਰ 'ਤੇ ਤੁਹਾਡੇ ਕੋਲ ਐਮੀਨੋਓਸੈਨਟੀਸਿਸ ਕਰਵਾਉਣ ਦੀ ਚੋਣ ਵੀ ਹੋ ਸਕਦੀ ਹੈ।

ਪ੍ਰੀਨੇਟਲ ਸੈਲ-ਫ੍ਰੀ ਡੀ ਐੱਨ ਏ ਸਕਰੀਨਿੰਗ (ਐੱਨ ਆਈ ਪੀ ਟੀ) ਕੀ ਹੈ?

ਇਹ ਡਾਊਨ ਸਿੰਡਰੋਮ ਅਤੇ ਟ੍ਰਾਈਸੋਮੀ 18 ਚੈੱਕ ਕਰਨ ਲਈ ਐੱਸ ਆਈ ਪੀ ਐੱਸ/ਆਈ ਪੀ ਐੱਸ/ਕੁਆਡ ਨਾਲੋਂ ਜ਼ਿਆਦਾ ਸਹੀ ਟੈੱਸਟ ਹੈ ਜੋ ਕਿ ਖੂਨ ਦੇ ਟੈੱਸਟ ਰਾਹੀਂ ਕੀਤਾ ਜਾਂਦਾ ਹੈ। ਇਹ ਟੈੱਸਟ ਡਾਊਨ ਸਿੰਡਰੋਮ ਅਤੇ ਟ੍ਰਾਈਸੋਮੀ 18 ਵਾਲੇ ਤਕਰੀਬਨ ਸਾਰੇ ਬੇਬੀਆਂ ਦਾ ਪਤਾ ਲਾ ਲੈਂਦਾ ਹੈ ਅਤੇ ਇਸ ਦੇ ਗਲਤ ਪੌਜ਼ਟਿਵ ਨਤੀਜੇ ਬਹੁਤ ਹੀ ਘੱਟ ਨਿਕਲਦੇ ਹਨ। ਐੱਨ ਆਈ ਪੀ ਟੀ ਤੁਹਾਨੂੰ ਡਾਊਨ ਸਿੰਡਰੋਮ ਅਤੇ ਟ੍ਰਾਈਸੋਮੀ 18 ਵਾਲਾ ਬੇਬੀ ਹੋਣ ਦੀ ਇਕ ਨਵੀਂ ਸੰਭਾਵਨਾ (ਬਹੁਤ ਘੱਟ ਜਾਂ ਬਹੁਤ ਜ਼ਿਆਦਾ) ਦੱਸੇਗਾ। ਜੇ ਸੰਭਾਵਨਾ ਬਹੁਤ ਘੱਟ ਹੋਵੇ ਤਾਂ ਅਗਾਂਹ ਹੋਰ ਕੋਈ ਟੈੱਸਟ ਕਰਵਾਉਣ ਦੀ ਸਲਾਹ ਨਹੀਂ ਦਿੱਤੀ ਜਾਂਦੀ। ਜੇ ਸੰਭਾਵਨਾ ਬਹੁਤ ਜ਼ਿਆਦਾ ਹੋਵੇ ਤਾਂ ਨਤੀਜੇ ਦੀ ਤਸਦੀਕ ਕਰਨ ਲਈ ਐਮਨੀਓਸੈਨਟੀਸਿਸ ਦੀ ਲੋੜ ਪਵੇਗੀ। ਐੱਨ ਆਈ ਪੀ ਟੀ ਟੈੱਸਟ ਦੇ ਨਤੀਜੇ 10 ਦਿਨਾਂ ਵਿਚ ਮਿਲ ਜਾਂਦੇ ਹਨ। ਪੌਜ਼ਟਿਵ ਐੱਸ ਆਈ ਪੀ ਐੱਸ/ਆਈ ਪੀ ਐੱਸ/ਕੁਆਡ ਟੈੱਸਟ ਵਾਲੀਆਂ ਔਰਤਾਂ/ਵਿਅਕਤੀਆਂ ਲਈ ਐੱਨ ਆਈ ਪੀ ਟੀ ਦਾ ਖਰਚਾ ਐੱਮ ਐੱਸ ਪੀ ਦਿੰਦੀ ਹੈ।

ਐਮਨੀਓਸੈਨਟੀਸਿਸ ਕੀ ਹੈ?

ਇਹ ਬੀਮਾਰੀ ਦੀ ਪਛਾਣ ਕਰਨ ਵਾਲਾ ਟੈੱਸਟ ਹੈ। ਇਹ ਤੁਹਾਨੂੰ ਦੱਸਦਾ ਹੈ ਕਿ ਕੀ ਸੱਚੀਂ ਹੀ ਤੁਹਾਡੇ ਬੇਬੀ ਨੂੰ ਡਾਊਨ ਸਿੰਡਰੋਮ ਜਾਂ ਟ੍ਰਾਈਸੋਮੀ 18 ਹੈ। ਇਹ ਬੇਬੀ ਦੇ ਦੁਆਲਿਉਂ ਐਮਨੀਔਟਿਕ ਤਰਲ ਦੇ ਕੁਝ ਛੋਟੇ ਚਮਚੇ ਕੱਢਣ ਲਈ ਤੁਹਾਡੇ ਪੇਟ ਵਿਚ ਇਕ ਬਹੁਤ ਹੀ ਬਾਰੀਕ ਸੂਈ ਪਾ ਕੇ ਕੀਤਾ ਜਾਂਦਾ ਹੈ। ਸੂਈ ਨੂੰ ਸੇਧ ਅਲਟਰਾਸਾਊਂਡ ਨਾਲ ਦਿੱਤੀ ਜਾਂਦੀ ਹੈ, ਇਸ ਕਰਕੇ ਇਹ ਬੇਬੀ ਦੇ ਨਹੀਂ ਲੱਗਦੀ। ਤਰਲ ਨਮੂਨੇ ਵਿਚਲੇ ਬੇਬੀ ਦੇ ਸੈੱਲਾਂ ਨੂੰ ਇਹ ਪਤਾ ਲਾਉਣ ਲਈ ਘੋਖਿਆ ਜਾਂਦਾ ਹੈ ਕਿ ਕੀ ਤੁਹਾਡੇ ਬੇਬੀ ਨੂੰ ਡਾਊਨ ਸਿੰਡਰੋਮ ਜਾਂ ਟ੍ਰਾਈਸੋਮੀ 18 ਹੈ ਜਾਂ ਨਹੀਂ। ਜਦੋਂ ਪੌਜ਼ਟਿਵ ਸਕਰੀਨ ਲਈ ਐਮਨੀਓਸੈਨਟੀਸਿਸ ਕੀਤਾ ਜਾਂਦਾ ਹੈ ਤਾਂ ਨਤੀਜੇ 3 ਦਿਨਾਂ ਵਿਚ ਮਿਲ ਜਾਂਦੇ ਹਨ।

ਐਮਨੀਓਸੈਨਟੀਸਿਸ ਨਾਲ ਗਰਭਪਾਤ ਹੋਣ ਦੇ ਮੌਕੇ 200 ਵਿੱਚੋਂ 1 (0.5%) ਹਨ। ਦੂਜੇ ਸ਼ਬਦਾਂ ਵਿਚ ਜੇ 200 ਔਰਤਾਂ/ਵਿਅਕਤੀਆਂ ਦਾ ਐਮਨੀਓਸੈਨਟੀਸਿਸ ਹੁੰਦਾ ਹੈ ਤਾਂ ਇਸ ਟੈੱਸਟ ਦੇ ਨਤੀਜੇ ਵਜੋਂ ਇਕ ਗਰਭਪਾਤ ਹੋ ਜਾਵੇਗਾ।

ਕੀ ਮੈਨੂੰ ਵਾਧੂ ਟੈੱਸਟ ਕਰਵਾਉਣੇ ਚਾਹੀਦੇ ਹਨ?

ਇਹ ਤੁਹਾਡੀ ਚੋਣ ਹੈ। ਸਕਰੀਨ ਪੌਜ਼ਟਿਵ ਨਤੀਜੇ ਵਾਲੀ ਹਰ ਔਰਤ/ਵਿਅਕਤੀ ਹੋਰ ਟੈੱਸਟ ਨਹੀਂ ਕਰਵਾਉਣਾ ਚਾਹੁੰਦੇ। ਆਪਣਾ ਮਨ ਬਣਾਉਣ ਵਿਚ ਮਦਦ ਲਈ ਇਨ੍ਹਾਂ ਸਵਾਲਾਂ ਬਾਰੇ ਸੋਚੋ।

- ਕੀ ਮੈਂ ਇਹ ਸੋਚਦੀ ਹਾਂ ਕਿ ਮੇਰੇ ਟੈੱਸਟ ਦੇ ਨਤੀਜੇ ਵਿੱਚ ਦੱਸੀ ਗਈ ਸੰਭਾਵਨਾ ਜ਼ਿਆਦਾ ਜਾਂ ਘੱਟ ਹੈ।
- ਕੀ ਮੈਂ ਬੇਬੀ ਦੇ ਜਨਮ ਤੋਂ ਪਹਿਲਾਂ ਇਹ ਜਾਣਨਾ ਚਾਹੁੰਦੀ ਹਾਂ ਕਿ ਕੀ ਮੇਰੇ ਬੇਬੀ ਨੂੰ ਡਾਊਨ ਸਿੰਡਰੋਮ ਜਾਂ ਟ੍ਰਾਈਸੋਮੀ 18 ਤਾਂ ਨਹੀਂ?
- ਜੇ ਮੈਨੂੰ ਪਤਾ ਲੱਗੇ ਕਿ ਮੇਰੇ ਬੇਬੀ ਨੂੰ ਡਾਊਨ ਸਿੰਡਰੋਮ ਜਾਂ ਟ੍ਰਾਈਸੋਮੀ 18 ਹੈ ਤਾ ਮੈਂ ਇਸ ਜਾਣਕਾਰੀ ਨਾਲ ਕੀ ਕਰਾਂਗੀ? ਕੀ ਮੈਂ ਗਰਭ ਖਤਮ ਕਰ ਦਿਆਂਗੀ? ਕੀ ਮੈਂ ਗਰਭ ਜਾਰੀ ਰੱਖਾਂਗੀ? ਕੀ ਮੈਂ ਇਸ ਜਾਣਕਾਰੀ ਦੀ ਵਰਤੋਂ ਖਾਸ ਲੋੜਾਂ ਵਾਲੇ ਬੱਚੇ ਲਈ ਤਿਆਰੀ ਕਰਨ ਲਈ ਵਰਤਾਂਗੀ? ਕੀ ਮੈਂ ਬੇਬੀ ਲਈ ਅਡੌਪਸ਼ਨ ਪਲੈਨ ਬਣਾਵਾਂਗੀ?
- ਜੇ ਮੈਂ ਹੋਰ ਟੈੱਸਟ ਨਾ ਕਰਵਾਏ ਤਾਂ ਕੀ ਮੈਂ ਆਪਣੇ ਗਰਭ ਦੇ ਬਾਕੀ ਸਮੇਂ ਦੌਰਾਨ ਬਹੁਤ ਫਿਕਰਮੰਦ ਮਹਿਸੂਸ ਕਰਾਂਗੀ?

ਜੇ ਮੈਂ ਹੋਰ ਟੈੱਸਟ ਕਰਵਾਉਣਾ ਚਾਹੁੰਦੀ ਹੋਵਾਂ ਅਤੇ ਮੈਨੂੰ ਐੱਨ ਆਈ ਪੀ ਟੀ ਜਾਂ ਐਮੀਨੋਓਸੈਨਟੀਸਿਸ ਦੀ ਚੋਣ ਦਿੱਤੀ ਗਈ ਹੋਵੇ ਤਾਂ ਮੈਨੂੰ ਕਿਹੜਾ ਟੈੱਸਟ ਕਰਵਾਉਣਾ ਚਾਹੀਦਾ ਹੈ?

ਇਹ ਤੁਹਾਡੀ ਮਰਜ਼ੀ ਹੈ। ਆਪਣਾ ਮਨ ਬਣਾਉਣ ਵਿੱਚ ਮਦਦ ਲੈਣ ਲਈ ਇਹਨਾਂ ਦੋ ਸਵਾਲਾਂ ਬਾਰੇ ਸੋਚੋ।

- ਕੀ ਮੇਰੇ ਸ਼ੰਕੇ ਦੂਰ ਹੋ ਜਾਣਗੇ ਜੇ ਮੇਰੇ ਐੱਨ ਆਈ ਪੀ ਟੀ ਦੇ ਨਤੀਜੇ ਡਾਊਨ ਸਿੰਡਰੋਮ ਅਤੇ ਟ੍ਰਾਈਸੋਮੀ 18 ਦੀ ਬਹੁਤ ਘੱਟ ਸੰਭਾਵਨਾ ਦਿਖਾਉਂਦੇ ਹੋਣ?
- ਕੀ ਮੈਨੂੰ ਇਸ ਤਰ੍ਹਾਂ ਦੇ ਨਤੀਜੇ ਦੀ ਲੋੜ ਹੈ ਜਿਹੜਾ 100% ਸਹੀ ਹੋਵੇ (ਐਮੀਨੋਓਸੈਨਟੀਸਿਸ ਅਤੇ ਡਾਇਗਨੌਸਟਿਕ ਟੈੱਸਟ) ਭਾਵੇਂ ਕਿ ਇਸ ਦਾ ਮਤਲਬ 200 ਵਿੱਚੋਂ 1 ਗਰਭਪਾਤ ਹੋਣ ਦਾ ਖਤਰਾ ਮੁੱਲ ਲੈਣਾ ਹੀ ਹੋਵੇ?

ਜੇ ਐਮਨੀਓਸੈਨਟੀਸਿਸ ਜਾਂ ਵਿਸਥਾਰ ਵਾਲੇ ਅਲਟਰਾਸਾਊਂਡ ਦਾ ਨਤੀਜਾ ਇਹ ਦਿਖਾਉਂਦਾ ਹੈ ਕਿ ਬੇਬੀ ਨੂੰ ਇਨ੍ਹਾਂ ਵਿੱਚੋਂ ਕੋਈ ਬੀਮਾਰੀ ਹੈ ਤਾਂ ਕੀ ਹੋਵੇਗਾ?

ਤੁਹਾਡਾ ਡਾਕਟਰ, ਮੈਡੀਕਲ ਜਨੈਟੇਸਿਸਟਸ ਜਾਂ ਜਨੈਟਿਕ ਕੌਂਸਲਰ ਤੁਹਾਡੇ ਨਾਲ ਤੁਹਾਡੀਆਂ ਚੋਣਾਂ ਬਾਰੇ ਗੱਲ ਕਰਨ ਲਈ ਅਤੇ ਅਜਿਹਾ ਫੈਸਲਾ ਕਰਨ ਵਿਚ ਤੁਹਾਡੀ ਮਦਦ ਕਰਨ ਲਈ ਹਨ ਜਿਹੜਾ ਤੁਹਾਡੇ ਲਈ ਸਹੀ ਹੋਵੇ।

ਕਿਰਪਾ ਕਰਕੇ ਇਸ ਪੱਤਰ ਨੂੰ ਪੜ੍ਹਨ ਲਈ ਘਰ ਲਿਜਾਉ, ਇਸ ਬਾਰੇ ਸੋਚੋ ਅਤੇ ਆਪਣੇ ਸਾਥੀ ਅਤੇ ਪਰਿਵਾਰ ਨਾਲ ਗੱਲ ਕਰੋ।

www.bcprenatalscreening.ca

April 2026